


International Journal of Multidisciplinary Research and Development



IJMRD 2014; 1(6): 254-257
www.allsubjectjournal.com
Received: 18-09-2014
Accepted: 22-10-2014
E-ISSN: 2349-4182
P-ISSN: 2349-5979

**Shardev Singh Gill**
Principal Malwa College
Goneana Road, Bathinda – Punjab, India.

**Correspondence**
**Shardev Singh Gill**
Principal Malwa College
Goneana Road, Bathinda – Punjab, India.

# ਗੁਰਮੁਖੀ ਲਿੱਪੀ ਦੀ ਪੰਜਾਬੀ ਲਈ ਅਨੁਕੂਲਤਾ ਅਤੇ ਇਸ ਦੀ ਆਰਥੋਗ੍ਰਾਫੀ

**Shardev Singh Gill**

ਗੁਰਮੁਖੀ ਲਿੱਪੀ ਬਾਰੇ ਵਿਦਵਾਨਾਂ ਨੇ ਆਪਣੀ ਖ਼ੋਜ ਦੇ ਆਧਾਰ ਤੇ ਇਹ ਸਿੱਟਾ ਕੱਢਿਆ ਹੈ ਕਿ ਪੰਜਾਬੀ ਭਾਸ਼ਾ ਨੂੰ ਵਿਗਿਆਨਕ ਢੰਗ ਨਾਲ ਲਿਖਤ ਬੱਧ ਕਰਨ ਲਈ ਕੇਵਲ ਗੁਰਮੁਖੀ ਹੀ ਪੂਰਨ ਲਿੱਪੀ ਹੈ। ਪੰਜਾਬੀ ਬੋਲੀ ਦਾ ਕੋਈ ਵੀ ਵਾਕ, ਸ਼ਬਦ ਜਾਂ ਧੁਨੀ ਨਹੀਂ ਜਿਸਨੂੰ ਗੁਰਮੁਖੀ ਲਿੱਪੀ ਵਿੱਚ ਨਾ ਲਿਖਿਆ ਜਾ ਸਕਦਾ ਹੋਵੇ ਤੇ ਇਹ ਪਿਛਲੇ ਲੱਗਭਗ ਸਾਢੇ ਚਾਰ ਸੌ ਸਾਲ ਤੋਂ ਵਰਤੀਂਦੀ ਆ ਰਹੀ ਹੈ। ਵੱਖ-ਵੱਖ ਸਮੇਂ ਪੰਜਾਬੀ ਭਾਸ਼ਾ ਨੂੰ ਲਿਖਤਬੱਧ ਕਰਨ ਲਈ ਹੋਰਨਾਂ ਲਿੱਪੀਆਂ ਜਿਵੇਂ ਉਰਦੂ, ਰੋਮਨ ਤੇ ਦੇਵਨਾਗਰੀ ਆਦਿ ਵਿੱਚ ਲਿਖਣ ਦੇ ਮਸਲੇ ਉੱਠਦੇ ਰਹੇ ਹਨ। ਇਹ ਧਾਰਮਿਕ ਪੱਖੋਂ ਜਾਂ ਪੰਜਾਬੀ ਸੱਭਿਆਚਾਰ ਨੂੰ ਢਾਹ ਲਾਉਣ ਦੀਆਂ ਨੀਤੀਆਂ ਸਨ। ਪੰਜਾਬੀ ਬੋਲੀ ਨੂੰ ਪੂਰਨ ਤੌਰ ਤੇ ਅੰਕਿਤ ਕਰਨ ਲਈ ਸਮਰੱਥਾ ਇਹਨਾਂ ਲਿੱਪੀਆਂ ਵਿੱਚ ਨਹੀਂ ਹੈ। ਇਹਨਾਂ ਲਿੱਪੀਆਂ ਦੇ ਅਢੁੱਕਵੇਂਪਣ ਦੇ ਹੇਠ ਲਿਖੇ ਕਾਰਨ ਹਨ:

(ੳ) ਉਰਦੂ ਲਿੱਪੀ: ਉਰਦੂ ਲਿੱਪੀ ਵਿੱਚ ਇੱਕ-ਇੱਕ ਚਿੰਨ ਕਈ ਧੁਨੀਆਂ ਦਾ ਪ੍ਰਤੀਕ ਹੈ ਜਦੋਂ ਕਿ ਗੁਰਮੁਖੀ ਲਿੱਪੀ ਦੇ ਇੱਕ ਧੁਨੀ ਚਿੰਨ ਨਾਲ ਕੇਵਲ ਇੱਕ ਆਵਾਜ਼ ਨਿਕਲਦੀ ਹੈ। ਉਰਦੂ ਦੇ ਸੇ, ਸੁਆਦ ਤੇ ਸੀਨ ਲਈ ਗੁਰਮੁਖੀ ਦੀ ਇੱਕੋ ਸ ਧੁਨੀ ਹੀ ਕਾਫੀ ਹੈ। ਸੀਮ, ਜੁਆਦ ਤੇ ਜੋਏ ਦੇ ਗੁਰਮੁਖੀ ਦਾ ਜ ਕਾਫ਼ੀ ਹੈ। ਙ, ਞ, ਣ ਨੂੰ ਪ੍ਰਗਟਾਉਣ ਲਈ ਉਰਦੂ ਵਿੱਚ ਕੋਈ ਧੁਨੀ ਚਿੰਨ ਹੀ ਨਹੀਂ ਹੈ ਇਸ ਤੋਂ ਬਿਨਾਂ ਉਰਦੂ ਵਿੱਚ ਅਰਧ ਅੱਖਰ ਹੁੰਦਾ ਹੀ ਨਹੀਂ। ਜੋ ਕਿ ਪੰਜਾਬੀ ਭਾਸ਼ਾ ਦੇ ਉਚਾਰਨ ਲਈ ਜਰੂਰੀ ਹੁੰਦਾ ਹੈ।

(ਅ) **ਰੋਮਨ ਲਿੱਪੀ:** ਰੋਮਨ ਲਿੱਪੀ ਦੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਇਸ ਦੇ ਪੰਜ ਸਵਰ ਤੇ 21 ਚਿੰਨ ਵਿਅੰਜਨ ਹਨ ਇਸ ਤਰ੍ਹਾਂ ਕੁੱਲ 26 ਹਨ। ਜਦੋਂ ਕਿ ਮੌਜ਼ੂਦਾ ਗੁਰਮੁਖੀ ਲਿੱਪੀ ਦੇ ਅੱਖਰਾਂ ਦੀ ਗਿਣਤੀ 41 ਹੈ। ਜੋ ਕਿ ਸਾਰੀ ਪੰਜਾਬੀ ਬੋਲੀ ਨੂੰ ਅੰਕਿਤ ਕਰਨ ਲਈ ਯੋਗ ਹੈ। ਰੋਮਨ ਦੇ ਕਈ ਚਿੰਨ ਅਜਿਹੇ ਹਨ ਜਿਹਨਾਂ ਤੋਂ ਇੱਕ ਤੋਂ ਵੱਧ ਧੁਨੀਆਂ ਦਾ ਗਿਆਨ ਹੁੰਦਾ ਹੈ ਤੇ ਅਜਿਹਾ ਹੋਣ ਨਾਲ ਕਈ ਭੁਲੇਖੇ ਪੈਂਦੇ ਹਨ। ਜਿਵੇਂ 'ਛ' ਤੋਂ ਸ ਅਤੇ ਕ ਤੇ ਭ ਤੋਂ ਡ ਅਤੇ ਦ ਦਾ ਬੋਧ ਹੁੰਦਾ ਹੈ। ਗੁਰਮੁਖੀ ਵਿੱਚ ਅਜਿਹਾ ਨਹੀਂ। ਰੋਮਨ ਦੇ ਕਈ ਅੱਖਰ ਗੁਪਤ ਹਨ ਪਰ ਗੁਰਮੁਖੀ ਵਿੱਚ ਨਹੀਂ। ਇਸ ਤੋਂ ਬਿਨਾਂ ਰੋਮਨ ਲਿੱਪੀ ਰਾਹੀਂ ਘ, ਙ, ਞ, ਣ, ਢ, ਧ, ਭ ਨੂੰ ਉਚਾਰਨ ਲਈ ਕੋਈ ਧੁਨੀ ਨਹੀਂ।

(ੲ) ਦੇਵਨਾਗਰੀ ਲਿੱਪੀ: ਦੇਵਨਾਗਰੀ ਵਿੱਚ ਅਜਿਹੇ ਕਈ ਅਢੁਕਵੇਂਪਣ ਨਜ਼ਰ ਆਉਂਦੇ ਹਨ, ਇਸ ਵਿੱਚ 52 ਅੱਖਰ ਹਨ ਤੇ ਗੁਰਮੁਖੀ ਵਿੱਚ 41 ਇਸ ਲਈ 11 ਵਾਧੂ ਅੱਖਰਾਂ ਦੀ ਕੋਈ ਲੋੜ ਨਹੀਂ। ਘ, ਝ, ਢ, ਧ, ਅਤੇ ਭ ਦਾ ਜੋ ਪੰਜਾਬੀ ਵਿੱਚ ਉਚਾਰਨ ਹੈ, ਉਹ ਦੇਵਨਾਗਰੀ ਵਿੱਚ ਨਹੀਂ ਅਤੇ ਪੰਜਾਬੀ ਦੀ ੜ ਧੁਨੀ ਦੇਵਨਾਗਰੀ ਵਿੱਚ ਮੌਜੂਦ ਨਹੀਂ। ਇਸ ਤੋਂ ਬਿਨਾਂ ਬਹੁਤੇ ਅੱਖਰ ਉੱਪਰ ਪੈਂਦੇ ਹਨ ਅਤੇ ਇਹ ਸਧਾਰਨ ਸਮਝ ਤੋਂ ਬਾਹਰ ਦੀ ਗੱਲ ਹੈ।
ਪੰਜਾਬੀ ਭਾਸ਼ਾ ਨੂੰ ਪੂਰਨ ਤੌਰ ਤੇ ਢੁਕਵੀਂ ਤੇ ਸਾਰਥਕ ਲਿੱਪੀ ਗੁਰਮੁਖੀ ਹੀ ਬਿਆਨ ਕਰ ਸਕਦੀ ਹੈ। ਵਿਗਿਆਨਕ ਪੱਖਾਂ ਤੋਂ ਵੀ ਇਹ ਲਿੱਪੀ ਪੰਜਾਬੀ ਲਈ ਹੇਠ ਲਿਖੇ ਕਾਰਨਾਂ ਕਰਕੇ ਢੁਕਵੀਂ ਹੈ:

(ੳ) ਪੰਜਾਬੀ ਭਾਸ਼ਾ ਦੀ ਹਰੇਕ ਧੁਨੀ ਨੂੰ ਵਿਅਕਤ ਕਰਨ ਲਈ ਗੁਰਮੁਖੀ ਕੋਲ ਉਸੇ ਅਨੁਸਾਰ

(ਬ) ਇੱਕ ਰਾਖਵਾਂ ਅੱਖਰ ਹੈ।

(ਅ) ਗੁਰਮੁਖੀ ਲਿੱਪੀ ਵਿੱਚ ਇੱਕ ਅੱਖਰ ਲਿਖਣ ਲਈ ਕੇਵਲ ਇੱਕ ਵੱਖਰਾ ਅੱਖਰ ਮੌਜੂਦ ਹੈ। ਫ਼ਾਰਸੀ ਦੇਵਨਾਗਰੀ ਤੇ ਰੋਮਨ ਵਾਂਗ ਦੋ ਜਾਂ ਤਿੰਨ ਧੁਨੀਆਂ ਨਹੀਂ।

(ਭ) ਗੁਰਮੁਖੀ ਦੀਆਂ ਧੁਨੀਆਂ ਦਾ ਇੱਕ ਵਿਗਿਆਨਕ ਸਮੂਹ ਹੈ। ਇਹ ਗਲੇ ਅੰਦਰੋਂ ਸ਼ੁਰੂ ਹੋ ਕੇ ਬਾਹਰ ਨੂੰ ਨਿਕਲਦੀਆਂ ਹਨ ਇਸ ਵਿੱਚ ਤਿੰਨ ਸਵਰ ਤੇ ਅਠੱਤੀ ਵਿਅੰਜਨ ਹਨ। ਇਸ ਦਾ ਘੇਰਾ ਵਿਗਿਆਨਕ ਤਰਤੀਬ ਵਿੱਚ ਹੈ।

(ਛ) ਇਸ ਦਾ ਆਪਣਾ ਭਾਸ਼ਾ ਵਿਗਿਆਨ, ਧੁਨੀ ਵਿਗਿਆਨ ਤੇ ਵਾਕ ਬਣਤਰ ਹੈ। ਇਸ ਤੋਂ ਛੁੱਟ ਇਹ ਰੂਪ ਬਣਤਰ ਪੱਖੋਂ ਵੱਖਰੀ ਤੇ ਨਿਵੇਕਲੀ ਲਿੱਪੀ ਹੈ। ਇਸ ਦੇ ਸ਼ਬਦਕੋਸ਼ ਉਪ ਭਾਸ਼ਾ ਕੋਸ਼, ਆਖਾਣ ਕੋਸ਼ ਤੇ ਮਹਾਕੋਸ਼ ਹਨ।

(ਧ) ਇਸ ਦਾ ਇੱਕ ਕੇਂਦਰੀ ਠੇਠ ਸਾਹਿਤਕ ਰੂਪ ਹੈ ਅਤੇ ਉਸ ਦੇ ਆਲੇ ਦੁਆਲੇ ਅਨੇਕਾਂ ਉਪ ਭਾਸ਼ਾਵਾਂ ਨੇ ਝੁਰਮਟ ਪਾਇਆ ਹੈ।

(ੳ) ਫ਼ਾਰਸੀ ਭਾਸ਼ਾ ਨੂੰ ਲਿਖਣ ਲਈ ਨਵੀਂਆਂ ਧੁਨੀਆਂ ਸ਼, ਖ, ਗ਼, ਜ਼, ਫ਼ ਹਨ।

(ਢ) ਇਹ ਲਿੱਪੀ ਵਿਯੋਗਾਤਮਕ ਹੈ। ਗੁਆਂਢੀ ਭਾਸ਼ਾਵਾਂ ਤੇ ਹਿੰਦੀ ਆਦਿ ਵਿੱਚ ਜਿਹੜੀ ਭਾਸ਼ਾਈ ਸੂਚਨਾ ਵੱਖਰਾ ਅੱਖਰ ਲਾ ਕੇ ਦਿੱਤੀ ਜਾਂਦੀ ਹੈ। ਉਹ ਪੰਜਾਬੀ ਵਿੱਚ ਪਿਛੇਤਰ ਲਾ ਕੇ ਦਿੱਤੀ ਜਾ ਸਕਦੀ ਹੈ। ਜਿਵੇਂ ਸ਼ਬਦ ਘਰੋਂ ਵਿੱਚ ਜਦੋਂ ਅਸੀਂ ਹਿੰਦੀ ਵਿੱਚ ਵਿਅਕਤ ਕਰਦੇ ਹਾਂ ਤਾਂ ਘਰ ਸੇ ਹੋਏਗਾ ਜਾਂ ਘਰ ਮੇਂ ਸੇ ਕਿਹਾ ਜਾਂਦਾ ਹੈ।

(ਘ) ਹੁਣ ਇਹ ਕੇਵਲ ਸਾਹਿਤਕ ਜਾਂ ਲੋਕ ਭਾਸ਼ਾ ਹੀ ਨਹੀਂ ਸਗੋਂ ਇਹ ਪੰਜਾਬ ਦੀ ਰਾਜ ਭਾਸ਼ਾ, ਅਦਾਲਤੀ ਭਾਸ਼ਾ ਬਣ ਚੁੱਕੀ ਹੈ। ਇਸ ਵਿੱਚ ਮਣਾਂਮੂੰਹੀ ਸਾਹਿਤ ਲਿਖਿਆ ਜਾ ਰਿਹਾ ਹੈ। ਸਾਰਾਂਸ਼ ਰੂਪ ਵਿੱਚ ਗੁਰਮੁਖੀ ਲਿੱਪੀ ਪੰਜਾਬੀ ਭਾਸ਼ਾ ਨੂੰ ਲਿਖਣ ਦੇ ਪੂਰਨ ਤੌਰ ਤੇ ਅਨੁਕੂਲ ਹੈ। ਹੋਰ ਲੋੜ ਲਈ ਸਮੇਂ-ਸਮੇਂ ਵਿਗਿਆਨੀਆਂ ਨੇ ਇਸ ਵਿੱਚ ਲੋੜੀਂਦਾ ਵਾਧਾ ਕੀਤਾ ਹੈ। ਜਿਸ ਨਾਲ ਇਹ ਹਰ ਪੱਖੋਂ ਪੂਰਨ ਸਾਬਤ ਹੋਈ ਹੈ। ਇਸ ਲਈ ਪੰਜਾਬੀ ਭਾਸ਼ਾ ਨੂੰ ਕਿਸੇ ਹੋਰ ਲਿੱਪੀ ਵਿੱਚ ਅੰਕਿਤ ਕਰਨ ਦੀ ਗੱਲ ਕੇਵਲ ਸੁਆਰਥੀ ਹੈ।

## ਗੁਰਮੁਖੀ ਆਰਥੋਗ੍ਰਾਫੀ ਬਾਰੇ ਸੰਖੇਪ ਜਾਣਕਾਰੀ

ਨਿਕਾਸ: ਪੁਰਾਣੇ ਸਮੇਂ ਵਿੱਚ ਦੋ ਤਰ੍ਹਾਂ ਦੀਆਂ ਲਿੱਪੀਆਂ ਬ੍ਰਹਮੀ ਅਤੇ ਖਰੋਸ਼ਠੀ, ਵਰਤੋਂ ਵਿੱਚ ਆਉਂਦੀਆਂ ਸਨ ਇਹਨਾਂ ਦੋਹਾਂ ਵਿੱਚੋਂ ਬ੍ਰਹਮੀ ਹੀ ਮੰਨੀ ਪ੍ਰਮੰਨੀ ਲਿੱਪੀ ਸੀ। ਇਹ ਖੱਬਿਓਂ ਸੱਜੇ ਪਾਸੇ ਵੱਲ ਲਿਖੀ ਜਾਂਦੀ ਸੀ। ਬੂਹਲਰ ਆਦਿ ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਇਸ ਬ੍ਰਹਮੀ ਦਾ ਆਧਾਰ ਪੱਛਮੀ ਏਸ਼ੀਆ ਦੀ ਫਿਨੀਸ਼ਿਅਨ ਲਿੱਪੀ ਹੈ। ਕੁਝ ਵਿਦਵਾਨਾਂ ਦਾ ਨਵਾਂ ਮੱਤ ਇਹ ਹੈ ਕਿ ਇਹ ਪੰਜਾਬ ਸਿੰਧ (ਮਹਿੰਜੋਦੜੋ ਅਤੇ ਹੜੱਪਾ ਆਦਿ) ਦੀ ਲਿੱਪੀ ਤੋਂ ਨਿੱਕਲੀ। ਵਿਚਲੇ ਸਮੇਂ ਦੀਆਂ ਅਤੇ ਵਰਤਮਾਨ ਸਮੇਂ ਦੀਆਂ ਸਭ ਭਾਰਤੀ ਲਿੱਪੀਆਂ ਬ੍ਰਹਮੀ ਤੋਂ ਨਿੱਕਲੀਆਂ ਹਨ। ਦੂਜੇ ਸ਼ਬਦਾਂ ਵਿੱਚ ਕੁਟਿਲ ਸ਼ਾਰਦਾ, ਦੇਵਨਾਗਰੀ, ਬੰਗਾਲੀ, ਟਾਕਰੀ ਗੁਰਮੁਖੀ ਅਤੇ ਦੱਖਣ ਦੀਆਂ ਲਿੱਪੀਆਂ ਸਭ ਬ੍ਰਹਮੀ ਤੋਂ ਨਿਕਲਦੀਆਂ ਹਨ।

ਜੀ.ਬੀ. ਸਿੰਘ ਗੁਰਮੁਖੀ ਲਿੱਪੀ ਦਾ ਜਨਮ ਅਤੇ ਵਿਕਾਸ ਵਿੱਚ ਲਿਖਦੇ ਹਨ ਕਿ ਪੰਜਾਬੀ ਵਰਣਮਾਲਾ ਬ੍ਰਹਮੀ ਲਿੱਪੀ ਤੋਂ ਉਸੇ ਤਰ੍ਹਾਂ ਪੰਜਾਬ ਦੇ ਮੈਦਾਨਾਂ ਵਿੱਚ ਵਿਕਸਿਤ ਹੋਈ ਜਿਸ ਤਰ੍ਹਾਂ ਨਾਗਰੀ ਅਤੇ ਹਿੰਦੀ ਦੀਆਂ ਹੋਰ ਵਰਣਮਾਲਾ ਹੋਰਨਾਂ ਪ੍ਰਾਂਤਾ ਵਿੱਚ ਬਣੀਆਂ।

ਆਰਥੋਗ੍ਰਾਫੀ ਤੋਂ ਭਾਵ ਲਿਖਤ ਵਿੱਚ ਲਿੱਪੀ ਦੀ ਵਰਤੋਂ ਹੈ। ਗੁਰਮੁਖੀ ਲਿੱਪੀ ਨੂੰ ਪੈਂਤੀ ਵੀ ਕਿਹਾ ਜਾਂਦਾ ਹੈ ਕਿਉਂਕਿ ਇਸ ਦੇ ਪ੍ਰਾਚੀਨ ਰੂਪ ਵਿੱਚ ਵਰਣਾਂ ਦੀ ਗਿਣਤੀ 35 ਸੀ। ਜਿਹਨਾਂ ਨੂੰ ਅੱਖਰ ਆਖਿਆ ਜਾਂਦਾ ਹੈ ਪਰ ਬਾਅਦ ਵਿੱਚ ਉਹਨਾਂ ਧੁਨੀਆਂ ਲਈ ਵੀ ਗੁਰਮੁਖੀ ਅੱਖਰ ਸਥਾਪਤ ਕਰ ਲਏ ਗਏ ਜਿਨ੍ਹਾਂ ਦਾ ਪ੍ਰਚੱਲਤ ਪੰਜਾਬੀ ਬੋਲਚਾਲ ਵਿੱਚ ਫ਼ਾਰਸੀ ਭਾਸ਼ਾ ਦੇ ਪ੍ਰਭਾਵ ਨਾਲ ਹੋਇਆ। ਇਸ ਤਰ੍ਹਾਂ ੳ ਤੋਂ ੜ ਤੱਕ ਜੋ ਪੈਂਤੀ ਅੱਖਰ ਸਨ ਨਾਲ ਹੋਰ ਪੰਜ ਅੱਖਰ ਸ਼, ਖ, ਗ਼, ਜ਼, ਫ਼ ਫ਼ਾਰਸੀ ਸ਼ਬਦਾਂ ਦੇ ਬੋਲਣ ਲਈ ਜੋੜੇ ਗਏ। ਇਸ ਦੇ ਨਾਲ ਹੀ ਪੰਜਾਬੀ ਉਚਾਰਣ ਵਿੱਚ ਵਰਤਦੀ ਪਾਸੇਦਾਰ ਅਤੇ ਉਲਟੀ ਜੀਭੀ ਪਾਸੇਦਾਰ ਦੀ ਵੱਖਰੀ ਲਿਖਤ ਲਈ ਲ ਦੇ ਪੈਰ ਵਿੱਚ ਬਿੰਦੀ (ਲ਼) ਅਪਨਾਉਣ ਦਾ ਸੁਝਾਓ ਪੇਸ਼ ਕੀਤਾ ਗਿਆ।

ਖਾਕਾ: ਇਸ ਗੁਰਮੁਖੀ ਲਿੱਪੀ ਦਾ ਖਾਕਾ ਇਸ ਪ੍ਰਕਾਰ ਹੈ:

| | | | | | |
|---|---|---|---|---|---|
| ੳ | ਅ | ੲ | ਸ | ਹ | ਪਹਿਲੀ ਟੋਲੀ |
| ਕ | ਖ | ਗ | ਘ | ਙ | ਕਵਰ |
| ਚ | ਛ | ਜ | ਝ | ਞ | ਚਵਰਗ |
| ਟ | ਠ | ਡ | ਢ | ਣ | ਟਵਰਗ |
| ਤ | ਥ | ਦ | ਧ | ਨ | ਤਵਰਗ |
| ਪ | ਫ | ਬ | ਭ | ਮ | ਪਵਰਗ |
| ਯ | ਰ | ਲ | ਵ | ੜ | ਅੰਤਿਮ ਟੋਲੀ |
| ਸ਼ | ਖ਼ | ਗ਼ | ਜ਼ | ਫ਼ | ਨਵੀਂ ਟੋਲੀ ਜੋ |

ਫ਼ਾਰਸੀ ਅੱਖਰਾਂ ਨੂੰ ਲਿਖਣ ਲਈ ਜੋੜੀ ਗਈ।

ਲ਼ ਉਲਟੀ ਜੀਭੀ ਲਈ

ਲਿੱਪੀ:

| | | | | | |
|---|---|---|---|---|---|
| ੳ | ਅ | ੲ | (ਚਿੰਨ ਸਵਰ– ਡ੍ਰੋਇਲ) | | |
| ਸ | ਹ | | (ਅਰਧ ਸਵਰ) | | |
| ਕ | ਖ | ਗ | ਘ | ਙ | |
| ਚ | ਛ | ਜ | ਝ | ਞ | |
| ਟ | ਠ | ਡ | ਢ | ਣ | |
| ਤ | ਥ | ਦ | ਧ | ਨ (38 ਵਿਅੰਜਨ) | |
| ਪ | ਫ | ਬ | ਭ | ਮ | |
| ਯ | ਰ | ਲ | ਵ | ੜ | |
| ਸ਼ | ਖ਼ | ਗ਼ | ਜ਼ | ਫ਼ | ਲ਼ |

ੳ, ਅ, ੲ ਸਵਰ ਦਾ ਉਚਾਰਣ ਸਾਹ (ਨਾਦ) ਨਾਲ ਹੁੰਦਾ ਹੈ ਜਦੋਂ ਨਾਦ ਘੰਡੀ ਤੋਂ ਬਾਹਰ ਆ ਕੇ ਮੂੰਹ ਦੇ ਰਸ ਤੇ ਕਿਸੇ ਵੀ

ਟਿਕਾਣੇ ਤੇ ਰੁਕੇ ਬਿਨਾਂ ਨਿੱਕਲ ਜਾਂਦਾ ਹੈ ਤਾਂ ਸਵਰਾਂ ਦਾ ਉਚਾਰਣ ਹੁੰਦਾ ਹੈ:-

ਸਵਰ ਨਾਲ ਲਗਾਂ ਮਾਤਰਾਂ ਦੀ ਵਰਤੋਂ ਹੇਠ ਲਿਖੇ ਅਨੁਸਾਰ ਹੁੰਦੀ ਹੈ:

(ੳ) ਔਂਕੜ ਉ ਦੁਲੈਂਕੜ ਊ ਅਤੇ ਹੋੜਾ ਓ
(ਅ) ਕੰਨਾ ਆ ਦੁਲਾਵਾਂ ਐ ਅਤੇ ਕਨੌੜਾ ਔ
(ੲ) ਸਿਹਾਰੀ ਇ, ਬਿਹਾਰੀ ਈ ਅਤੇ ਲਾਂ ਏ

ਊੜੇ ਨਾਲ ਹੋੜੇ ਦੀ ਵਰਤੋਂ ਵਿਅੰਜਨਾਂ ਨਾਲ ਹੋੜੇ ਦੀ ਵਰਤੋਂ ਨਾਲੋਂ ਵੱਖਰੀ ਹੈ ਉਦਾਹਰਣ ਵਜੋਂ। ਓਸ ਅਤੇ ਹੋਂਠ ਵਿੱਚ ਇਹ ਅੰਤਰ ਵੇਖਿਆ ਜਾ ਸਕਦਾ ਹੈ।

ਸਵਰਾਂ ਵਿੱਚ ਐੜਾ ਅ ਹੀ ਕੇਵਲ ਕੁਝ ਸਥਿਤੀਆਂ ਵਿੱਚ ਬਿਨਾਂ ਕਿਸੇ ਲਗਾਂ ਮਾਤਰਾ ਦੇ ਲਿਖਿਆ ਜਾ ਸਕਦਾ ਹੈ ਜਿਵੇਂ: ਅਕਲ, ਅਸਤ ਆਦਿ।

ਵਿਅੰਜਨ: ਗੁਰਮੁਖੀ ਦੇ ਵਿਅੰਜਨ ਅੱਖਰਾਂ ਦੀ ਗਿਣਤੀ 38 ਹੈ ਜੋ ਸ ਤੋਂ ਲੈ ਕੇ ਲ਼ ਤੱਕ ਹੈ।

ਜਦੋਂ ਸਾਹ ਦੀ ਹਵਾ ਮੂੰਹ ਦੇ ਰਸਤੇ ਵਿੱਚੋਂ ਹੁੰਦੀ ਹੋਈ ਕਿਸੇ ਨਾਂ ਕਿਸੇ ਤਰ੍ਹਾਂ ਪੂਰੀ ਜਾਂ ਅੱਧ ਪਚੱਧ ਰੋਕ ਲਈ ਜਾਵੇ ਤਦ ਵਿਅੰਜਨਾਂ ਦਾ ਉਚਾਰਣ ਹੁੰਦਾ ਹੈ।

ਇਹ ਸਾਰੇ ਮੁਕਤ ਅੱਖਰ ਹਨ ਕਿਉਂਕਿ ਇਹਨਾਂ ਦੀ ਵਰਤੋਂ ਲਗਾਂ ਮਾਤਰਾ ਤੋਂ ਬਿਨਾਂ ਕੀਤੀ ਜਾਂਦੀ ਹੈ ਜਿਵੇਂ ਰਕਮ, ਕਰਮ, ਘਰ, ਕਸਰਤ ਆਦਿ। ਸ ਤੋਂ ੜ ਤੱਕ ਦ ਸਾਰੇ ਅੱਖਰ ਇੱਕ ਧੁਨੀ ਨੂੰ ਹੀ ਅੰਕਿਤ ਕਰਦੇ ਹਨ।

ਹਾਹਾ ਅਤੇ ਪੈਰ ਵਿੱਚ ਪੈਣ ਵਾਲਾ ਹਾਹਾ ਪੰਜਾਬੀ ਸ਼ਬਦਾਂ ਦੇ ਆਰੰਭ ਵਿੱਚ ਆਉਣ ਵਾਲੇ ਹ ਦਾ ਉਚਾਰਣ ਵਿਅੰਜਨੀ ਹੁੰਦਾ ਹੈ ਜਿਵੇਂ ਹਰਨਾਮ ਹਾਹਾ ਆਪਣੀ ਇਕੱਲੀ ਆਵਾਜ਼ ਦਿੰਦਾ ਹੈ। ਪਰ ਸ਼ਬਦਾਂ ਦੇ ਮੱਧ ਵਿੱਚ ਤੇ ਅੰਤ ਵਿੱਚ ਆਉਣ ਤੇ ਉੱਚੀ ਸੁਰ ਪਰ ਜੇ ਹ ਤੋਂ ਬਾਅਦ ਦਬਾ ਹੋਵੇ ਤਾਂ ਇਸ ਦਾ ਉਚਾਰਣ ਵਿਅੰਜਨ ਧੁਨੀ ਵਾਂਗ ਹੁੰਦਾ ਹੈ।

| | | |
|---|---|---|
| ਆਰੰਭ ਵਿੱਚ | ਹੀਰਾ | ਹਈਰਆ |
| ਵਿਚਕਾਰਲਾ | ਬਾਹਰ | ਬਾਅਰ |
| ਅਖ਼ੀਰਲਾ | ਚਾਹ | ਚਾਅ |
| ਦਬਾ ਤੋਂ ਪਹਿਲਾਂ ਨੁਹਾਰ | ਨਾਉਹ ਆਰ | |

ਹ ਵਾਲੇ ਸ਼ਬਦਾਂ ਵਿੱਚ ਇਸ ਤੋਂ ਪਹਿਲਾਂ ਲੱਗਣ ਵਾਲੇ ਕੁਝ ਕੁ ਲਗਾਂ ਮਾਤਰਾ ਦਾ ਉਚਾਰਨ ਉਹਨਾਂ ਨੂੰ ਅਸਲ ਉਚਾਰਨ ਨਾਲੋਂ ਵੱਖਰੀ ਪ੍ਰਕਾਰ ਦਾ ਹੁੰਦਾ ਹੈ ਇਹ ਸਥਿਤੀਆਂ ਹੇਠ ਲਿਖੀਆਂ ਹਨ:

ਮੱਧ ਜਾਂ ਅੰਤ ਸਥਿਤੀ ਵਾਲੇ ਹ ਨਾਂਵ ਜੇ ਸਿਹਾਰੀ (ਿ) ਹੈ ਤਾਂ ਉਸ ਦਾ ਉਚਾਰਨ ਏ ਕੀਤਾ ਜਾਂਦਾ ਹੈ। ਸ਼ਹਿਰ ਸ਼ ਐ ਰ, ਰਹਿ ਰ ਐ ਜੇ ਮੱਧ ਸਥਿਤੀ ਵਿੱਚ ਹ ਤੇ ਇਸ ਤੋਂ ਪਹਿਲਾਂ ਵਾਲੇ ਵਿਅੰਜਨ ਅੱਖਰਾਂ ਨੂੰ ਬਿਹਾਰੀ ਹੋਵੇ ਤਾਂ ਇਹ ਏ ਵਜੋਂ ਉਚਾਰੀ ਜਾਂਦੀ ਹੈ:

ਜਿਵੇਂ: ਕਿਹੜਾ – ਕਏੜਆ, ਵਿਹਲ – ਵ ਏ ਲ।

ਜੇ ਹ ਨਾਲ ਔਂਕੜ ਹੋਵੇ ਤਾਂ ਇਹਨਾਂ ਦਾ ਉਚਾਰਨ ਔ ਵਾਲਾ ਹੁੰਦਾ।

ਘ, ਝ, ਢ, ਧ, ਭ – ਇਹ ਪੰਜੇ ਅੱਖਰ ਕਵਰਗ ਤੋਂ ਲੈ ਕੇ ਪਵਰਗ ਤੱਕ ਕ੍ਰਮਵਾਰ ਚੌਥੇ-ਚੌਥੇ ਸਥਾਨ ਤੇ ਹਨ ਗੁਰਮੁਖੀ ਅੱਖਰਾਂ ਦੀ ਤਰਤੀਬ ਤੋਂ ਇਹ ਸਾਰੇ ਸਘੋਸ਼ ਮਹਾਂਪ੍ਰਾਣ ਦੇ ਸੂਚਕ ਹਨ। ਇਹ ਲਿੱਪੀ ਦੇਵਨਾਗਰੀ (ਜਿਸ ਵਿੱਚ ਹਿੰਦੀ ਲਿਖੀ ਜਾਂਦੀ ਹੈ ਦੇ ਅੱਖਰ ਬ, ਝ, ਦ, ਧ, ਭ) ਵਾਲੀਆਂ ਧੁਨੀਆਂ ਦੇ ਸਾਹਨੀ ਹਨ। ਪੱਛਮੀ ਪੰਜਾਬੀ (ਪਾਕਿਸਤਾਨੀ) ਵਿੱਚ ਅਜੇ ਵੀ ਇਹਨਾਂ ਦਾ ਪ੍ਰਯੋਗ ਹੁੰਦਾ ਹੈ। ਪਰ ਪੂਰਬੀ ਪੰਜਾਬੀ ਵਿੱਚ ਕਾਫ਼ੀ ਘਟ ਗਿਆ ਹੈ।

ਲਿਖਤ ਵਿੱਚ ਇਹਨਾਂ ਵਿੱਚ ਕੋਈ ਅੱਖਰ ਸ਼ਬਦ ਦੇ ਮੁੱਢ ਵਿੱਚ ਹੋਏ ਤਾਂ ਇਹ ਆਪਣੇ ਵਰਗ ਦੀ ਅਘੋਸ਼-ਅਲਪ ਪ੍ਰਾਣ ਧੁਨੀ ਦਾ ਸੂਚਕ ਹੁੰਦਾ ਹੈ ਤੇ ਜੇ ਮੱਧ ਜਾਂ ਅੰਤ ਵਿੱਚ ਹੋਵੇ ਤਾਂ ਆਪਣੇ ਵਰਗ ਦੀ ਸਘੋਸ਼ ਅਲਪ ਪੁਰਾਣ ਧੁਨੀ ਦਾ ਸੂਚਕ।

ਉਦਾਹਰਨ ਵਜੋਂ ਘ ਲੈਂਦੇ ਹਾਂ ਜੋ ਪਵਰਗ ਟੋਲੀ ਦਾ ਚੌਥਾ ਅੱਖਰ ਹੈ। ਕਵਰਗ ਕ ਖ ਗ ਘ ਙ

ਘੋੜਾ ਕ ਓ ੜ ਆ

ਹੁਣ ਬੋਲਣ ਵਿੱਚ ਕ ਕਵਰਗ ਦੇ ਆਧਾਰ ਤੇ ਬੋਲਿਆ ਗਿਆ।

ਇਸੇ ਵਰਗ ਵਿੱਚ ਹੀ ਸਘੋਸ਼ ਅਲਪ ਮਹਾਪ੍ਰਾਣ ਧੁਨੀ ਦਾ ਅੱਖਰ ਇਸ ਤਰ੍ਹਾਂ ਸ਼ਬਦ ਦੀ ਹੋਰ ਕਿਸੇ ਸਥਿਤੀ ਵਿੱਚ ਲਿਖੇ ਹੋਏ ਘ ਦਾ ਉਚਾਰਨ ਗ ਹੋਵੇਗਾ।

ਜਿਵੇਂ: ਮੱਘਰ ਮ ਘ ਗ ਅ ਰ

ਸ਼, ਖ, ਗ਼, ਜ਼, ਫ਼: ਇਹ ਅੱਖਰ ਉਹਨਾਂ ਧੁਨੀਆਂ ਦੇ ਉਚਾਰਨ ਲਈ ਵਰਤੇ ਗਏ ਹਨ ਜਿਹੜੀਆਂ ਫ਼ਾਰਸੀ ਭਾਸ਼ਾ ਦੇ ਪ੍ਰਭਾਵ ਨਾਲ ਪੰਜਾਬ ਵਿੱਚ ਪ੍ਰਚੱਲਿਤ ਹੋਈਆਂ ਹਨ ਜਿਵੇਂ ਖੁਸ਼ਗਵਾਰ, ਜ਼ਿੰਦਗੀ, ਗਜ਼ਲ ਆਦਿ।

ਇਹਨਾਂ ਦਾ ਉਚਾਰਨ ਪੜ੍ਹੇ ਲਿਖੇ ਹੀ ਕਰਦੇ ਹਨ। ਉਚਾਰਣ ਢੰਗ ਦੇ ਪੱਖ ਤੋਂ ਇਹ ਸਾਰੀਆਂ ਧੁਨੀਆਂ ਸੰਘਰਸ਼ੀ ਜਾਂ ਰਗੜਵੀਆਂ ਹਨ।

ਵਰਤਮਾਨ ਪੰਜਾਬੀ ਵਰਣਮਾਲਾ ਵਿੱਚ ਖ਼, ਗ਼ ਦੀ ਵਰਤੋਂ ਤਾਂ ਬਹੁਤ ਘੱਟ ਹੈ ਪਰ ਜ਼ ਤੇ ਫ਼ ਦੀ ਵਰਤੋਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ।

**ਲ਼ ਦੀ ਵਰਤੋਂ**: ਪੰਜਾਬੀ ਵਿੱਚ ਦੋ ਪਾਸੇਦਾਰ ਵਿਅੰਜਨ ਧੁਨੀਆਂ ਹਨ। ਲ ਤੇ ਲ਼ ਪਹਿਲੀ ਦੰਤੀ ਪਾਸੇ ਦਾਰ ਵਿਅੰਜਨ ਹੈ ਤੇ ਦੂਜੀ ਉਲਟ ਜੀਭੀ ਪਾਸੇਦਾਰ ਵਿਅੰਜਨ। ਵਿਸ਼ੇਸ਼ ਸਥਿਤੀਆਂ ਵਿੱਚ ਇਹ ਦੋਵੇਂ ਅੱਡੋ-ਅੱਡੀ ਧੁਨੀਆਂ ਦੇ ਲਈ ਕੰਮ ਕਰਦੀਆਂ ਹਨ।

**ਪੈਰੀਂ ਪੈਣ ਵਾਲੇ ਅੱਖਰ**: ਗੁਰਮੁਖੀ ਲਿੱਪੀ ਵਿੱਚ ਤਿੰਨ ਅੱਖਰ

ਹ, ਰ ਤੇ ਵ ਦੀ ਵਰਤੋਂ ਦੋ ਤਰ੍ਹਾਂ ਹੁੰਦੀ ਹੈ। ਇੱਕ ਅੱਖਰਾਂ ਨਾਲ ਜੋੜ ਕੇ ਦੂਜੀ ਹੋਰਾਂ ਅੱਖਰਾਂ ਦੇ ਪੈਰਾਂ ਵਿੱਚ ਪਾ ਕੇ ਇਹਨਾਂ ਦੀ ਆਕਾਰ ਤੇ ਬਣਤਰ ਹੇਠ ਲਿਖੇ ਅਨੁਸਾਰ ਹੈ।

| | | | |
|---|---|---|---|
| ਹ | ੍ਹ | ਪੜ੍ਹਦਾ | ਵਰ੍ਹਾ |
| ਰ | ੍ਰ | ਪ੍ਰਕਾਰ | ਪ੍ਰਕਾਸ਼ |
| ਵ | -- | ਸਰ ੍ਵ | -- |

ਪੈਰੀਂ ਪਾਏ ਜਾਣ ਵਾਲੇ ਹ ਦਾ ਉਚਾਰਣ ਉਸ ਅੱਖਰ ਤੋਂ ਮਗਰੋਂ ਹੁੰਦਾ ਹੈ ਜਿਸ ਦੇ ਪੈਰੀਂ ਇਹ ਪਾਇਆ ਗਿਆ ਹੁੰਦਾ ਹੈ। ਇਹ ਕੇਵਲ ਉੱਚੀ ਜਾਂ ਨੀਵੀਂ ਸੁਰ ਨੂੰ ਹੀ ਅੰਕਿਤ ਕਰਦਾ ਹੈ। ਪੈਰੀਂ ਰ ਦੀ ਵਰਤੋਂ ਕੇਵਲ ਉਹਨਾਂ ਸ਼ਬਦਾਂ ਵਿੱਚ ਹੀ ਹੁੰਦੀ ਹੈ ਜੋ ਸੰਸਕ੍ਰਿਤ ਤੋਂ ਪੰਜਾਬੀ ਵਿੱਚ ਆਏ ਹਨ।

ਸਹਾਇਕ ਚਿੰਨ ਜਾਂ ਲਗਾਂਖਰ: ਗੁਰਮੁਖੀ ਲਿੱਪੀ ਵਿੱਚ ਸਹਾਇਕ ਚਿੰਨ ਜਾਂ ਲਗਾਂਖਰ ਤਿੰਨ ਹਨ, ਬਿੰਦੀ, ਟਿੱਪੀ ਅਤੇ ਅੱਧਕ

| | | |
|---|---|---|
| ਲਿਖਤੀ: ਬਿੰਦੀ | (-ਂ) | ਕਾਂ |
| ਟਿੱਪੀ | (ੰ_ ) | ਕੰਨ |
| ਅੱਧਕ | (ੱ_ ) | ਮੱਤ |

ਬਿੰਦੀ ਤੇ ਟਿੱਪੀ: ਬਿੰਦੀ ਅਤੇ ਟਿੱਪੀ ਦੀ ਵਰਤੋਂ ਪੰਜਾਬੀ ਸਵਰਾਂ ਵਿੱਚ ਨਾਸਿਕਤਾ ਨੂੰ ਅੰਕਿਤ ਕਰਨ ਲਈ ਕੀਤੀ ਜਾਂਦੀ ਹੈ। ਇਹਨਾਂ ਦੀ ਵਰਤੋਂ ਅੱਖਰ ਜਾਂ ਲਗਾਂ ਮਾਤਰਾਂ ਦੇ ਉੱਪਰ ਕੀਤੀ ਜਾਂਦੀ ਹੈ। ਟਿੱਪੀ ਦੀ ਵਰਤੋਂ ਮੁਕਤਾ ਜਿਵੇਂ ਕੰਨ, ਬੰਬ ਆਦਿ ਅਤੇ ਸਿਹਾਰੀ ਔਂਕੜ ਤੇ ਦੁਲੈਂਕੜ ਨਾਲ ਹੁੰਦੀ ਹੈ ਅਤੇ ਬਿੰਦੀ ਦੀ ਵਰਤੋਂ ਕੰਨੇ ਬਿਹਾਰੀ ਔਂਕੜ, ਦੁਲੈਂਕੜ, ਹੋੜੇ ਅਤੇ ਕਨੌੜੇ ਨਾਲ ਹੁੰਦੀ ਹੈ।
ਅੱਧਕ ਦੁੱਤੀ ਵਿਅੰਜਨਾਂ ਨੂੰ ਅੰਕਿਤ ਕਰਨ ਲਈ ਵਰਤਿਆ ਜਾਂਦਾ ਹੈ। ਜਿਸ ਵਿਅੰਜਨ ਨੂੰ ਦੋਹਰਾ ਉਚਾਰਿਆ ਜਾਂਦਾ ਹੈ ਉੱਥੇ ਅੱਧਕ ਦੀ ਵਰਤੋਂ ਹੁੰਦੀ ਹੈ ਜਿਵੇਂ: ਕੱਦ, ਬੱਚਾ, ਜੱਚਾ ਆਦਿ।
ਲਗਾਂ ਮਾਤਰਾਂ: ਲਗਾਂ ਮਾਤਰਾਂ ਗੁਰਮੁਖੀ ਲਿੱਪੀ ਦੇ ਅਜਿਹੇ ਚਿੰਨ ਹਨ ਜੋ ਪੰਜਾਬੀ ਉਚਾਰਨ ਵਿੱਚ ਆਏ ਸਵਰਾਂ ਨੂੰ ਅੰਕਿਤ ਕਰਨ ਸਮੇਂ ਵਰਤੋਂ ਵਿੱਚ ਆਉਂਦੇ ਹਨ। ਵਰਤਮਾਨ ਪੰਜਾਬੀ ਵਿੱਚ ਇਹਨਾਂ ਦੀ ਗਿਣਤੀ ਨੌਂ ਹੈ ਜੋ ਬਣਤਰ ਅਤੇ ਨਾਂ ਵਜੋਂ ਹੇਠ ਲਿਖੇ ਅਨੁਸਾਰ ਹਨ:-

| **ਨਾਂ ਅਕਾਰ** | | **ਅੱਖਰ ਦੀ ਕਿਸ ਜਗ੍ਹਾ ਪਿੱਛੋਂ ਉਦਾਹਰਨ** | |
|---|---|---|---|
| ਕੰਨਾ | ਾ | ਪਿੱਛੋਂ | ਮਾੜਾ |
| ਸਿਹਾਰੀ ਿ | ਪਹਿਲਾਂ | | ਇੱਕ |
| ਬਿਹਾਰੀ | ੀ | ਪਿੱਛੋਂ | ਬੀਰ |
| ਔਂਕੜ | ੁ | ਹੇਠਾਂ | ਭੁੱਬ, ਤੁਰ |
| ਦੁਲੈਂਕੜ ੂ ਹੇਠਾਂ | ਸੂਰ | | |
| ਲਾਂ | ੇ | ਉੱਪਰ | ਸ਼ੇਰ, ਮੇਕਅੱਪ |
| ਦੁਲਾਵਾਂ | ੈ | ਉੱਪਰ | ਵੈਰ, ਭੈ |
| ਹੋੜਾ | ੋ ਉੱਤੇ | | ਡੋਰ |
| ਕਨੌੜਾ | ੌ ਉੱਤੇ | | ਤੌੜੀ |

ਜਿਸ ਕਿਸੇ ਅੱਖਰ ਨਾਲ ਕੋਈ ਲਗਾਂ ਮਾਤਰਾ ਨਹੀਂ ਹੁੰਦੀ ਉਸ ਨੂੰ ਮੁਕਤਾ ਮੰਨਿਆ ਜਾਂਦਾ ਹੈ। ਜਿਵੇਂ ਮਰ, ਤਰ ਆਦਿ ਇਹ ਲਗਾਂ ਮਾਤਰਾ ਸੁਤੰਤਰ ਰੂਪ ਵਿੱਚ ਅੰਕਿਤ ਨਹੀਂ ਹੁੰਦੀਆਂ ਕੇਵਲ ਅੱਖਰਾਂ ਨਾਲ ਪੈ ਕੇ ਆਵਾਜ਼ ਦਿੰਦੀਆਂ ਹਨ। ਜਿਸ ਅੱਖਰ ਦੇ ਨਾਲ ਪਿੱਛੇ ਅੱਗੇ ਪਹਿਲਾਂ ਹੇਠਾਂ ਜਾਂ ਉੱਤੇ ਕੋਈ ਲਗਾਂ ਮਾਤਰਾ ਲੱਗੀ ਹੁੰਦੀ ਹੈ ਉਸ ਦੀ ਧੁਨੀ ਦਾ ਉਚਾਰਣ ਸੰਬੰਧਿਤ ਵਿਅੰਜਨ ਧੁਨੀ ਤੋਂ ਬਾਅਦ ਕੀਤਾ ਜਾਂਦਾ ਹੈ।
ਵਿਸ਼ਰਾਮ ਚਿੰਨ: ਜਦੋਂ ਅਸੀਂ ਕੋਈ ਗੱਲ ਕਿਸੇ ਨੂੰ ਆਖਦੇ ਹਾਂ ਤਾਂ ਮਨ ਦੇ ਭਾਵ ਅਨੁਸਾਰ ਕਿਸੇ ਵੇਲੇ ਆਪਣੀ ਆਵਾਜ਼ ਨੂੰ ਉੱਚਾ ਕਰਦੇ ਹਾਂ ਕਈ ਵਾਰ ਨੀਵਾਂ। ਕਈ ਵਾਰ ਕਿਸੇ ਨਾ ਕਿਸੇ ਤਾਂ ਉੱਤੇ ਬਹੁਤਾ ਠਹਿਰਦੇ ਹਾਂ ਕਈ ਵਾਰ ਥੋੜ੍ਹਾ। ਕਿਸੇ ਵੇਲੇ ਅਸੀਂ ਸਾਰਾ ਵਾਕ ਬੋਲ ਕੇ ਠਹਿਰਦੇ ਹਾਂ ਕਿਸੇ ਵੇਲੇ ਵਾਕ ਦੇ ਵੱਖ-ਵੱਖ ਹਿੱਸਿਆਂ ਤੇ ਥੋੜ੍ਹਾ ਅਟਕ ਕੇ ਕਦੀ ਬੜੀ ਖੁਸ਼ੀ ਪ੍ਰਗਟ ਕਰਦੇ ਹਾਂ, ਕਦੀ ਗ਼ਮੀ।
ਇਹਨਾਂ ਸਾਰੇ ਭਾਵਾਂ ਨੂੰ ਪ੍ਰਗਟ ਕਰਨ ਲਈ ਗੁਰਮੁਖੀ ਲਿੱਪੀ ਵਿੱਚ ਜਿਨ੍ਹਾਂ ਚਿੰਨਾਂ ਦੀ ਵਰਤੋਂ ਕੀਤੀ ਜਾਂਦੀ ਹੈ ਉਹ ਵਿਸ਼ਰਾਮ ਚਿੰਨ ਅਖਵਾਉਂਦੇ ਹਨ। ਇਹ ਦੋ ਪ੍ਰਕਾਰ ਦੇ ਹੁੰਦੇ ਹਨ। ਇੱਕ ਉਹ ਜਿਹੜੇ ਲਿਖਤ ਨੂੰ ਪੜ੍ਹਨ ਵਿੱਚ ਮੱਦਦ ਕਰਦੇ ਹਨ ਤੇ ਦੂਜੇ ਉਹ ਜਿਹੜੇ ਲਿਖਤ ਨੂੰ ਸਮਝਣ ਵਿੱਚ ਸਹਾਈ ਹੁੰਦੇ ਹਨ ਪੜ੍ਹਨ ਵਿੱਚ ਮੱਦਦ ਕਰਨ ਵਾਲੇ ਸਾਰੇ ਵਿਸ਼ਰਾਮ ਚਿੰਨ ਠਹਿਰਾਓ ਦੇ ਸੂਚਕ ਹਨ ਜੋ ਕਿਤੇ ਘੱਟ ਕਿਤੇ ਵੱਧ ਠਹਿਰਾਓ ਪੈਦਾ ਕਰਦੇ ਹਨ। ਲਿਖਤ ਨੂੰ ਪੜ੍ਹਨ ਵਿੱਚ ਮੱਦਦ ਕਰਨ ਵਾਲੇ

ਵਿਸ਼ਰਾਮ ਚਿੰਨ:-

| | | | |
|---|---|---|---|
| ਕਾਮਾ | (,) | ਕਾਮਾ ਬਿੰਦੀ | ; |
| ਵਿਸਮਿਕ ਚਿੰਨ | (!) | | |
| ਡੰਡੀ | (।) | | |
| ਪ੍ਰਸ਼ਨ ਚਿੰਨ | (?) | | |

ਲਿਖਤ ਨੂੰ ਸਮਝਣ ਵਿੱਚ ਸਹਾਈ ਹੋਣ ਵਾਲੇ ਵਿਸ਼ਰਾਮ ਚਿੰਨ:

| | | | |
|---|---|---|---|
| ਡੈਸ਼ | (-) | ਦੁਬਿੰਦੀ ਡੈਸ਼ | (:-) |
| ਬਿੰਦੀ | (.) | ਛੁਟ ਮਰੋੜੀ | (') |
| ਜੋੜਨੀ | (-) | ਪੁੱਠੇ ਕਾਮੇ | (" ") |
| ਬਰੈਕਟ ( ) ੧ੳ ⁀ | | | |

ਗੁਰਮੁਖੀ ਅੱਖਰਾਂ ਵਿੱਚ ਬਿੰਦੀ ਦੀ ਵਰਤੋਂ ਵੱਖ-ਵੱਖ ਤਰ੍ਹਾ ਹੈ ਵਿਸ਼ਰਾਮ ਚਿੰਨਾਂ ਲਈ ਬਿੰਦੀ ਵਿਰਾਮ (ਠਹਿਰਾਓ) ਲਈ ਹੁੰਦੀ ਹੈ ਜਿਵੇਂ: ਪੋ: ਸ਼੍ਰੋ: ਗੁ: ਪ੍ਰ: ਕਮੇਟੀ ਆਦਿ।

**ਅੰਕ ਅੱਖਰ:** ਗੁਰਮਖੀ ਲਿੱਪੀ ਵਿੱਚ ਹੇਠ ਲਿਖੇ ਅੱਖਰ ਅੰਕਾਂ ਲਈ ਵਰਤੇ ਜਾਂਦੇ ਹਨ:

1 2 3 4 5 6 7 8 9 10